BCM SCHOOL BASANT AVENUE
DUGRI LUDHIANA
ASSIGNMENT-2(Answer key)
CLASS- 6(PUNJABI)

Q1 ਅਣਡਿੱਠਾ ਪੈਰ੍ਹਾ

ਇੱਕ ਪਿੰਡ ਵਿੱਚ ਹਰਿਆਲੀ ਨਾਲ ਭਰਪੂਰ ਬਾਗ ਸੀ। ਉਸ ਬਾਗ ਵਿੱਚ ਕਈ ਕਿਸਮਾਂ ਦੇ ਫਲਦਾਰ ਰੁੱਖ ਲੱਗੇ ਹੋਏ ਸਨ। ਪਿੰਡ ਦੇ ਲੋਕ ਅਕਸਰ ਬਾਗ ਵਿੱਚ ਸੈਰ ਕਰਨ ਆਉਂਦੇ ਸਨ। ਪੰਛੀਆਂ ਦੀ ਚਹਿਕ, ਠੰਢੀ ਛਾਂ ਤੇ ਸੁਹਣਾ ਮਾਹੌਲ ਬਾਗ ਦੀ ਸ਼ੋਭਾ ਵਧਾਉਂਦੇ ਸਨ। ਪਿੰਡ ਦੇ ਬੱਚੇ ਵੀ ਹਰ ਰੋਜ਼ ਖੇਡਣ ਲਈ ਉਥੇ ਆਉਂਦੇ। ਇਸ ਬਾਗ ਦੀ ਸੰਭਾਲ ਲਈ ਪਿੰਡ ਦੀ ਪੰਚਾਇਤ ਨੇ ਇੱਕ ਮਾਲੀ ਰੱਖਿਆ ਹੋਇਆ ਸੀ। ਮਾਲੀ ਸਵੇਰੇ-ਸ਼ਾਮ ਬਾਗ ਨੂੰ ਸਾਫ ਕਰਦਾ ਤੇ ਰੁੱਖਾਂ ਨੂੰ ਪਾਣੀ ਦੇਂਦਾ। ਬਾਗ ਦੀ ਸੁੰਦਰਤਾ ਕਾਰਨ ਪਿੰਡ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਾਫ-ਸੁਥਰਾ ਮਾਹੌਲ ਮਿਲਦਾ ਤੇ ਉਹ ਸਿਹਤਮੰਦ ਰਹਿੰਦੇ।

ਪ੍ਰਸ਼ਨ (Questions)

Q1. ਪਿੰਡ ਦੇ ਬਾਗ ਵਿੱਚ ਕੀ ਸੀ?
a) ਸਿਰਫ ਫੁੱਲ (b) ਫਲਦਾਰ ਰੁੱਖ
c) ਖੇਤੀਬਾੜੀ ਦੇ ਖੇਤ (d) ਨਦੀ

Q2. ਬਾਗ ਵਿੱਚ ਲੋਕ ਕਿਉਂ ਆਉਂਦੇ ਸਨ?
a) ਪਾਣੀ -ਪੀਣ (b) ਸੈਰ ਕਰਨ
c) ਖਰੀਦਦਾਰੀ ਕਰਨ (d) ਮੱਛੀ ਫੜਨ

Q3. ਬਾਗ ਦੀ ਸੰਭਾਲ ਕੌਣ ਕਰਦਾ ਸੀ?
a) ਪਿੰਡ ਦੇ ਬੱਚੇ (b) ਪੰਚਾਇਤ ਦਾ ਸਰਪੰਚ
c) ਇੱਕ ਮਾਲੀ (d) ਪਿੰਡ ਦੇ ਅਧਿਆਪਕ

Q4. ਬਾਗ ਦੀ ਸੁੰਦਰਤਾ ਨਾਲ ਪਿੰਡ ਦੇ ਲੋਕਾਂ ਨੂੰ ਕੀ ਲਾਭ ਮਿਲਦਾ ਸੀ?
a) ਉਹਨਾਂ ਨੂੰ ਸਿਹਤਮੰਦ ਮਾਹੌਲ ਮਿਲਦਾ ਸੀ (b) ਉਹਨਾਂ ਨੂੰ ਫਲ ਮੁਫ਼ਤ ਮਿਲਦੇ ਸਨ
c) ਉਹਨਾਂ ਨੂੰ ਕੰਮ ਨਹੀਂ ਕਰਨਾ ਪੈਂਦਾ ਸੀ (d) ਉਹਨਾਂ ਨੂੰ ਪੈਸਾ ਮਿਲਦਾ ਸੀ

Q5. (ਮੁੱਲ ਪਰਖ ਪ੍ਰਸ਼ਨ )
ਜੇਕਰ ਬਾਗ ਵਿੱਚ ਰੁੱਖਾਂ ਦੀ ਥਾਂ ਇਮਾਰਤਾਂ ਬਣ ਜਾਂਦੀਆਂ, ਤਾਂ ਪਿੰਡ ਦੇ ਲੋਕਾਂ ਦੀ ਜ਼ਿੰਦਗੀ 'ਤੇ ਕੀ ਅਸਰ ਪੈ ਸਕਦਾ ਹੈ?
(ਉੱਤਰ- ਸੋਚ ਅਨੁਸਾਰ)

Q-2ਹੇਠਾਂ ਦਿੱਤੇ ਅਣਡਿੱਠੇ ਕਾਵਿ-ਟੋਟੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-

ਕੀੜੀ-ਕੀੜੀ ਕਹਿ ਕੇ ਉਸ ਨੂੰ ਐਵੇਂ ਨਾ ਦੁਰਕਾਰੋ,
ਕੀੜੀ ਭਾਵੇਂ ਨਿੱਕੀ ਦਿੱਸਦੀ, ਪਰ ਉਸ ਨੂੰ ਸਤਿਕਾਰੋ।
ਨਾ ਉਸ ਦੇ ਵਿੱਚ ਮਾਸ ਹੈ ਦਿੱਸਦਾ, ਨਾ ਦਿੱਸਦੀ ਹੈ ਖੱਲ,
ਨਿੱਕਾ-ਨਿੱਕਾ ਤਨ ਹੈ ਉਸ ਦਾ, ਵੱਡੀ ਉਸ ਦੀ ਗੱਲ।
ਨਾ ਕੁਝ ਸਾਨੂੰ ਬੋਲ ਸੁਣਾਵੇ, ਨਾ ਕੋਈ ਭਰੇ ਹੁੰਗਾਰਾ,
ਪਰ ਉਸ ਦੇ ਕੰਮ ਅਜਿਹੇ, ਧਿਆਨ ਜੋ ਖਿੱਚਣ ਸਾਰਾ।

ਪ੍ਰਸ਼ਨ /ਉੱਤਰ

ਪ੍ਰਸ਼ਨ - ਕੀੜੀ ਨੂੰ ਕੀ ਨਹੀਂ ਕਰਨਾ ਚਾਹੀਦਾ?
ਉੱਤਰ- ਦੁਰਕਾਰਨਾ

ਪ੍ਰਸ਼ਨ- ਕੀੜੀ ਦਾ ਸਰੀਰ ਕਿਹੋ ਜਿਹਾ ਹੁੰਦਾ ਹੈ?
ਉੱਤਰ- ਨਿੱਕਾ ਜਿਹਾ

ਪ੍ਰਸ਼ਨ- ਦੁਰਕਾਰੋ ਸ਼ਬਦ ਦਾ ਲੈਆਤਮਕ ਸ਼ਬਦ ਲਿਖੋ?
ਉੱਤਰ -ਸਤਿਕਾਰੋ

Q-3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ

1. ਅ ਨਾਲ ਕਿੰਨੀਆਂ ਲਗਾਂ ਲੱਗਦੀਆਂ ਹਨ,ਨਾਮ ਦੱਸੋ ਤੇ ਉਦਾਹਰਨ ਦਿਓ?
ਉੱਤਰ— ਅ ਨਾਲ ਚਾਰ ਲਗਾਂ ਲੱਗਦੀਆਂ ਹਨ -
ੳ.ਮੁਕਤਾ– ਅਦਰਕ,ਅਮਰ
ਅ.ਕੰਨਾ- ਆਦਮੀ,ਆਚਾਰ

ੲ. ਦੁਲਾਵਾਂ– ਐਨਕ,ਐਤਵਾਰ

ਸ. ਕਨੋੜਾ - ਔਕੜ, ਔਲਾਦ

2. ਲਗਾਖਰ ਕੀ ਹੁੰਦੇ ਹਨ ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਖਰ ਹਨ?ਉਦਾਹਰਨ ਦਿਓ?

ਉੱਤਰ– ਲਗਾਖ਼ਰ ਉਹ ਛੋਟੇ- ਛੋਟੇ ਚਿੰਨ੍ਹ ਹਨ ਜੋ ਲਗਾਂ ਤੇ ਲਗਾਖਰਾਂ ਨਾਲ ਵਰਤੇ ਜਾਂਦੇ ਹਨ ਜਿਵੇਂ —ਗੇਂਦ, ਅੰਬ, ਬੱਚਾ।
ਗੁਰਮੁਖੀ ਲਿਪੀ ਵਿੱਚ ਤਿੰਨ ਲਗਾਖ਼ਰ ਹਨ – ੳ.ਬਿੰਦੀ (ਂ )ਟਿੱਪੀ (ੰ ) ਅੱਧਕ( ੱ)

3. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ ਨਾਮ ਦੱਸੋ?

ਉੱਤਰ -ਵਿਸ਼ੇਸ਼ਣ ਦੀਆਂ ਪੰਜ ਕਿਸਮਾਂ ਹਨ। 1.ਗੁਣਵਾਚਕ ਵਿਸ਼ੇਸ਼ਣ 2. ਸੰਖਿਆਵਾਚਕ ਵਿਸ਼ੇਸ਼ਣ 3. ਪਰਿਮਾਣਵਾਚਕ ਵਿਸ਼ੇਸ਼ਣ 4. ਨਿਸ਼ਚੇਵਾਚਕ ਵਿਸ਼ੇਸ਼ਣ 5.ਪੜਨਾਵੀ ਵਿਸ਼ੇਸ਼ਣ

4.ਕਥਨ (Statement): ਪੰਜਾਬੀ ਬੋਲੀ ਪੰਜਾਬੀ ਭਾਸ਼ਾ ਦਾ ਹੀ ਇੱਕ ਰੂਪ ਹੈ।
ਕਾਰਨ (Reason): ਕਿਉਂਕਿ ਹਰ ਇਲਾਕੇ ਵਿੱਚ ਲੋਕ ਆਪਣੀ ਅਪਣੀ ਬੋਲੀ ਬੋਲਦੇ ਹਨ।

(A) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ ਕਥਨ ਨੂੰ ਠੀਕ ਸਮਝਾਉਂਦਾ ਹੈ।

(B) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ ਕਥਨ ਨੂੰ ਨਹੀਂ ਸਮਝਾਉਂਦਾ।

(C) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

(D) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

5. ਖੁਸ਼ੀ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਗਮੀ B. ਅਨੰਦ C. ਮਜ਼ਾ D.ਸਜ਼ਾ

6. 'ਨਹਾਉਣ ਦੀ ਥਾਂ ਸਹੀ", ਵਾਕ ਦਾ ਇੱਕ ਸ਼ਬਦ ਚੁਣੋ?

A. ਗੁਸਲਖਾਨਾ B. ਦਵਾਖਾਨਾ C. ਘਰਾਨਾ D. ਕੋਠੜਾ

7. ਲੁਧਿਆਣਾ ਬਠਿੰਡਾ ਵਿੱਚ ਕਿਹੜੀ ਬੋਲੀ ਬੋਲੀ ਜਾਂਦੀ ਹੈ ਲਈ

A.ਪੋਠੋਹਾਰੀ B. ਦੁਆਬੀ C.ਮਾਝੀ D. ਮਲਵਈ

8. ਭਲਾਈ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ

A.ਓਪਰਾ B. ਉਪਕਾਰ C. ਸਹਿਣ D.ਤ੍ਰਿਪਤੀ

9. ਜੋੜਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਨਿਮਰ B. ਇਕੱਲਾ C. ਸਿਆਣਾ D. ਸਾਂਝਾ

10. ਮੁਹਾਵਰੇ( ਅਰਥ + ਵਾਕ)=A. ਉਲੂ ਬੋਲਣਾ (ਉਜਾੜ ਹੋਣੀ)- ਜਦੋਂ ਦਾ ਰਾਮ ਸਿੰਘ ਦਾ ਪਰਿਵਾਰ ਕਨੇਡਾ ਗਿਆ ਹੈ,ਉਸ ਦੇ ਘਰ ਵਿੱਚ ਉੱਲੂ ਬੋਲਦੇ ਹਨ।

B.ਆਟੇ ਵਿੱਚ ਲੂਣ ਹੋਣਾ (ਬਹੁਤ ਘੱਟ ਗਿਣਤੀ )-ਹੁਣ ਬਰਸਾਤ ਕਾਰਨ ਸਕੂਲ ਵਿੱਚ ਬੱਚੇ ਆਟੇ ਵਿੱਚ ਲੂਣ ਹੋਣ ਦੇ ਬਰਾਬਰ ਹਨ।